ਪੰਜਾਬ ਸਰਕਾਰ
ਸਿੱਖਿਆ ਵਿਭਾਗ

ਵੱਲ:

1)ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ/ਐ.ਸਿ)
2)ਸਮੂਹ ਸਕੂਲ ਮੁਖੀ
ਪੰਜਾਬ।

ਮੀਮੋ ਨੰ: AD(co)/SSE/2019/240
ਮਿਤੀ : 1-1-2019

ਵਿਸ਼ਾ: - **ਸਰਕਾਰੀ ਸਕੂਲਾਂ ਦੇ ਪਾਸ ਆਊਟ ਵਿਦਿਆਰਥੀਆਂ ਦੀ ਸੂਚਨਾ ਸਬੰਧੀ।**

1.0 ਆਪ ਜੀ ਨੂੰ ਪਤਾ ਹੈ ਕਿ ਰਾਜ ਦੇ ਸਮੂਹ ਸਰਕਾਰੀ ਸਕੂਲਾਂ ਵਿੱਚ ਦਾਖਲਾ ਮੁਹਿੰਮ ਸ਼ੁਰੂ ਕੀਤੀ ਜਾ ਚੁੱਕੀ ਹੈ। ਸਮਾਜ ਦੇ ਲੋਕਾਂ ਨੂੰ ਇਸ ਮੁਹਿੰਮ ਨਾਲ ਵੱਧ ਤੋਂ ਵਧ ਜੋੜਣ ਲਈ ਜਰੂਰੀ ਹੈ ਕਿ ਸਰਕਾਰੀ ਸਕੂਲਾਂ ਦੇ ਜਿਹੜੇ ਪਾਸ ਆਊਟ ਵਿਦਿਆਰਥੀਆਂ ਨੇ ਡਾਕਟਰੀ, ਇੰਜਨੀਅਰਿੰਗ, ਡਿਫੈਂਸ, ਸਿਵਲ ਸਰਵਿਸਜ ਆਦਿ ਖੇਤਰਾਂ ਵਿੱਚ ਵਿਸ਼ੇਸ਼ ਮੁਕਾਮ ਹਾਸਿਲ ਕੀਤਾ ਹੈ, ਦੇ ਬਾਰੇ ਆਪਣੇ ਸਕੂਲ ਦੇ ਵਿਦਿਆਰਥੀਆਂ ਅਤੇ ਸਮਾਜ ਨੂੰ ਜਾਣੂ ਕਰਵਾਇਆ ਜਾਵੇ।

2.0 ਇਸ ਸਬੰਧ ਵਿੱਚ ਸਾਰੇ ਸਕੂਲ ਮੁੱਖੀਆਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਆਪਣੇ ਆਪਣੇ ਸਕੂਲਾਂ ਤੋਂ ਪਾਸ ਹੋਏ ਪੁਰਾਣੇ ਵਿਦਿਆਰਥੀ/ਐਲੂਮਨੀ ਨਾਲ ਰਾਬਤਾ ਕਾਇਮ ਕਰਨ ਅਤੇ ਉਹਨਾਂ ਨੂੰ ਆਪਣੇ ਸਕੂਲ ਵਿੱਚ ਸਲਾਨਾ ਸਮਾਗਮ ਵਿੱਚ ਸੱਦਾ ਦੇਣ।

3.0 ਆਪਣੇ ਸਕੂਲ ਦੀ ਵੈਬ ਸਾਈਟ ਤੇ ਇਹਨਾਂ ਐਲੂਮਨੀ ਦੀ ਵਿਸ਼ੇਸ਼ ਤੌਰ ਤੇ ਫੋਟੋ ਵੀ ਲਗਾਈ ਜਾਵੇ।

ਸਕੱਤਰ ਸਕੂਲ ਸਿੱਖਿਆ
ਪੰਜਾਬ